ਬੋਦੀ ਵਾਲਾ ਤਾਰਾ
ਅਰਵਿੰਦ ਕੇਜਰੀਵਾਲ 2

ਪ੍ਰੋ. ਇੰਦਰ ਸਿੰਘ ਘੱਗਾ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਧਰਨੇ ਵਾਲੀ ਥਾਂ 'ਤੇ ਪੁਲਿਸ ਮੁਖੀ ਨੇ ਦਫ਼ਾ 144 ਲਾ ਦਿਤੀ। ਪੁਲਿਸ ਵਾਲੇ ਇਹ ਧਾਰਾ ਲਾ ਕੇ ਮੁੱਖ ਮੰਤਰੀ (ਅਤੇ ਬਾਕੀ ਮੰਤਰੀਆਂ) ਤੇ ਕੋਈ ਰੋਕ ਲਾਉਣ, ਇਹ ਪਹਿਲੀ ਵਾਰ ਹੋਇਆ ਹੈ।

ਪਹਿਲੀ ਵਾਰ ਹੋਇਆ ਹੈ...

ਧਾਰਾ 144 ਲੱਗੀ ਹੋਣ ਦੇ ਬਾਵਜੂਦ, ਲੋਕੀ ਦੋ ਦਿਨ, ਦੋ ਰਾਤਾਂ ਸੜਕ 'ਤੇ ਬੈਠੇ ਰਹੇ। ਮੰਗ ਇਹ ਸੀ ਕਿ ਜਿਨ੍ਹਾਂ ਪੁਲਿਸ ਵਾਲਿਆਂ ਨੇ ਮੰਤਰੀ ਦਾ ਹੁਕਮ ਨਹੀਂ ਮੰਨਿਆ, ਉਨ੍ਹਾਂ ਨੂੰ ਮੁਅਤਲ ਕੀਤਾ ਜਾਵੇ। ਭਾਰਤ ਸਰਕਾਰ ਨੇ ਇਹ ਮੰਗ ਨਾ ਮੰਨੀ। ਲੰਮੀ ਜੱਦੋ ਜਹਿਦ ਤੋਂ ਬਾਅਦ ਤਿੰਨ ਪੁਲਿਸ ਵਾਲਿਆਂ ਦੀ ਸਿਰਫ਼ ਬਦਲੀ ਕੀਤੀ ਗਈ। ਮੁੱਖ ਮੰਤਰੀ ਦੀ ਏਨੀ ਗੱਲ ਵੀ ਨਾ ਮੰਨੀ ਜਾਵੇ, ਪਹਿਲੀ ਵਾਰ ਹੋਇਆ ਹੈ। ਧਰਨੇ 'ਤੇ ਬੈਠੇ ਮੁਜ਼ਾਹਰਾਕਾਰੀਆਂ ਨੇ ਧਾਰਾ 144 ਦੀ ਉਲੰਘਣਾ ਕੀਤੀ। ਪੁਲਿਸ ਨੇ ਉਥੇ ਜਾਣ ਤੋਂ ਰੋਕਿਆ ਨਹੀਂ, ਪਰਚਾ ਦਰਜ ਕਰ ਲਿਆ ਅਣਪਛਾਤੇ ਬੰਦਿਆਂ ਦੇ ਨਾਮ। ਪੁਲਿਸ ਵਾਲੇ ਮੰਤਰੀਆਂ ਅਤੇ ਮੁੱਖ ਮੰਤਰੀ ਨੂੰ ਜਾਣਦੇ ਨਾ ਹੋਣ ਅਤੇ ਉਸ ਦੀ ਕੈਬਨਿਟ 'ਤੇ ਮੁਕੱਦਮਾ ਦਰਜ ਕਰਨ, ਇਹ ਪਹਿਲੀ ਵਾਰ ਹੋਇਆ ਹੈ।

'ਆਪ' ਸਰਕਾਰ ਨੇ ਰਿਲਾਇੰਸ ਕੰਪਨੀ ਦੇ ਮਾਲਕ ਮੁਕੇਸ਼ ਅੰਬਾਨੀ, ਕੋਲਾ ਮੰਤਰੀ ਮੋਇਲੀ ਅਤੇ ਹੋਰਾਂ ਵਿਰੁਧ ਮੁਕੱਦਮਾ ਦਰਜ ਕਰਨ ਦੇ ਹੁਕਮ ਦੇ ਦਿਤੇ ਕਿ ਇਹ ਲੋਕ ਦੇਸ਼ ਨਾਲ ਧੋਖਾਧੜੀ ਕਰ ਰਹੇ ਹਨ। ਕੇਂਦਰੀ ਮੰਤਰੀ ਅਤੇ ਭਾਰਤ ਦੇ ਸੱਭ ਤੋਂ ਤਾਕਤਵਰ ਕਾਰਖ਼ਾਨੇਦਾਰ ਮੁਕੇਸ਼ ਅੰਬਾਨੀ ਵਿਰੁਧ ਮੁਕੱਦਮਾ, ਪਹਿਲੀ ਵਾਰ ਦਰਜ ਹੋਇਆ ਹੈ।

ਭਾਜਪਾ ਅਤੇ ਕਾਂਗਰਸ ਨੇ ਆਪਸੀ ਸਹਿਮਤੀ ਨਾਲ ਮਤਾ ਪਾ ਕੇ ਵਿਧਾਨ ਸਭਾ ਦੇ ਸਪੀਕਰ ਦੇ ਅਧਿਕਾਰ ਖ਼ਤਮ ਕਰ ਦਿਤੇ ਤਾਕਿ ਉਹ ਮੈਂਬਰਾਂ ਨੂੰ ਕੋਈ ਹੁਕਮ ਨਾ ਦੇ ਸਕੇ। ਇਹ ਵੀ ਪਹਿਲੀ ਵਾਰ ਹੋਇਆ ਹੈ।

13 ਫ਼ਰਵਰੀ ਨੂੰ ਰਾਤ 8.30 'ਤੇ ਕੇਜਰੀਵਾਲ ਨੇ ਪੱਤਰਕਾਰਾਂ ਨਾਲ ਕਾਨਫ਼ਰੰਸ ਕਰ ਕੇ, ਵਿਧਾਨ ਸਭਾ ਭੰਗ ਕਰਨ ਦਾ ਐਲਾਨ ਕਰ ਦਿਤਾ। ਅਸਤੀਫ਼ਾ ਗਵਰਨਰ ਨੂੰ ਭੇਜ ਦਿਤਾ। ਬਿਨਾਂ ਝੁਕਣ ਤੋਂ ਤੇ ਬਿਨਾਂ ਕਿਸੇ ਘਟੀਆ ਸਮਝੌਤੇ ਤੋਂ 'ਆਪ' ਸਰਕਾਰ ਨੇ ਗੱਦੀ ਏਨੀ ਤੇਜ਼ੀ ਨਾਲ ਤਿਆਗ ਦਿਤੀ, ਇਹ ਪਹਿਲੀ ਵਾਰ ਹੋਇਆ ਹੈ।

ਬਹੁਤ ਵੱਡੀ ਸਰਕਾਰੀ ਕੋਠੀ ਲੈਣ ਤੋਂ ਮੁੱਖ ਮੰਤਰੀ ਕੇਜਰੀਵਾਲ ਵਲੋਂ ਇਨਕਾਰ ਕਰਨਾ, ਪਹਿਲੀ ਵਾਰ ਮਿਸਾਲ ਕਾਇਮ ਹੋਈ ਹੈ। ਹੂਟਰ ਵਾਲੀਆਂ, ਲਾਲ ਬੱਤੀ ਵਾਲੀਆਂ ਗੱਡੀਆਂ ਲੈਣੀਆਂ, ਬਾਡੀਗਾਰਡ ਨਾ ਲੈ ਕੇ ਆਮ ਆਦਮੀ ਵਾਂਗ ਜਨਤਾ ਵਿਚ ਘੁੰਮਦੇ ਰਹਿਣਾ, ਇਹ ਵੀ ਪਹਿਲੀ ਵਾਰ ਹੋਇਆ ਹੈ।

ਅਸਤੀਫ਼ੇ ਤੋਂ ਬਾਅਦ :

8 ਦਸੰਬਰ (2013) ਨੂੰ ਦਿੱਲੀ ਵਿਧਾਨ ਸਭਾ ਦੀਆਂ 70 ਸੀਟਾਂ ਦਾ ਨਤੀਜਾ ਆਇਆ ਤਾਂ 'ਆਪ' ਪਾਰਟੀ 28 ਸੀਟਾਂ 'ਤੇ ਜੇਤੂ ਰਹੀ। ਸਾਰੇ ਟੀ.ਵੀ. ਚੈਨਲਾਂ ਵਾਲੇ ਅਤੇ ਬਾਕੀ ਦੇਸ਼ ਵਾਸੀ ਹੱਕੇ ਬੱਕੇ ਰਹਿ ਗਏ। ਰਾਹੁਲ ਗਾਂਧੀ ਅਤੇ ਨਰਿੰਦਰ ਮੋਦੀ ਇਕ ਵਾਰੀ ਤਾਂ ਖ਼ਬਰਾਂ ਵਿਚੋਂ ਅਲੋਪ ਹੀ ਹੋ ਗਏ। ਜਿਸ ਚੈਨਲ ਨੂੰ ਆਨ ਕਰੋ, ਚਰਚਾ ਕੇਜਰੀਵਾਲ ਦੀ ਜਾਂ ਉਸ ਦੀ ਪਾਰਟੀ ਦੀ। ਇਸ ਦੀ ਪਾਰਟੀ ਦੇ ਬਾਕੀ ਮੈਂਬਰ ਵੀ ਏਨੇ ਸਿਆਣੇ ਕਿ ਵਿਰੋਧੀਆਂ ਦੀ ਜ਼ਬਾਨ ਬੰਦ ਕਰ ਕੇ ਰੱਖ ਦਿੰਦੇ ਹਨ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਸ ਦੇ ਸਾਥੀਆਂ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਕਿੰਨੇ ਦਲੀਲ ਭਰਪੂਰ ਢੰਗ ਨਾਲ ਜਵਾਬ ਦਿਤੇ, ਅੱਗੇ ਕੁੱਝ ਉਦਾਹਰਣਾਂ ਦਿਤੀਆਂ ਜਾ ਰਹੀਆਂ ਹਨ :

ਸਵਾਲ : ਕੇਜਰੀਵਾਲ ਜੀ! ਤੁਸੀ ਰਿਲਾਇੰਸ ਕੰਪਨੀ ਦੇ ਮਾਲਕ ਮੁਕੇਸ਼ ਅੰਬਾਨੀ ਵਿਰੁਧ ਮੁਕੱਦਮਾ ਦਰਜ ਕਰਨ ਦਾ ਹੁਕਮ ਦਿਤਾ ਹੈ। ਅਜਿਹਾ ਕਿਸ ਆਧਾਰ 'ਤੇ ਕੀਤਾ ਹੈ?

ਕੇਜਰੀਵਾਲ : ਜਦੋਂ ਮੈਂ ਮੁੱਖ ਮੰਤਰੀ ਬਣਿਆ ਤਾਂ ਪਿਛਲਾ ਬਹੁਤਾ ਸਾਰਾ ਰੀਕਾਰਡ ਵੇਖਿਆ। ਪਿਛਲੀ ਸ਼ੀਲਾ ਦੀਕਸ਼ਤ ਸਰਕਾਰ ਵਲੋਂ, ਜੋ ਸਮਝੌਤੇ ਮੁਕੇਸ਼ ਅੰਬਾਨੀ ਨਾਲ ਹੋਏ ਸਨ, ਉਨ੍ਹਾਂ ਸ਼ਰਤਾਂ ਨੂੰ ਨਾ ਮੰਨ ਕੇ ਅੰਬਾਨੀ ਨੇ ਬਿਜਲੀ ਦੇ ਰੇਟ ਵਧਾਏ। ਡੀਜ਼ਲ, ਪਟਰੋਲ ਦੇ ਰੇਟ ਵਧਾਏ। ਰਸੋਈ ਗੈਸ ਦੇ ਰੇਟ ਵਧਾਏ। ਜਿੰਨਾ ਤੇਲ ਅਤੇ ਗੈਸ ਕੱਢਣ ਦਾ ਇਸ ਨਾਲ ਸਮਝੌਤਾ ਕੀਤਾ ਸੀ, ਨਹੀਂ ਕਢਿਆ। ਮਾਲ ਘੱਟ ਆਉਣ ਕਰ ਕੇ ਬਾਜ਼ਾਰ ਵਿਚ ਮੰਗ ਵੱਧ ਗਈ। ਇਸੇ ਕਾਰਨ ਇਹ ਕੀਮਤਾਂ ਵਧਾਉਂਦੇ ਗਏ। ਹੁਣ ਤਾਂ ਹਰ ਮਹੀਨੇ 50 ਪੈਸੇ ਜਾਂ ਰੁਪਿਆ ਵਧਾਉਣ ਦੀ ਇਨ੍ਹਾਂ ਨੂੰ ਆਗਿਆ ਮਿਲ ਗਈ ਹੈ। ਰੇਟ ਐਵੇਂ ਨਹੀਂ ਵਧਦੇ। ਕਾਂਗਰਸ ਅਤੇ ਭਾਜਪਾ ਦੋਹਾਂ ਪਾਰਟੀਆਂ ਨੂੰ ਅੰਬਾਨੀ ਮੋਟੀਆਂ ਰਕਮਾਂ ਦਿੰਦਾ ਹੈ। ਅੰਬਾਨੀ ਤਾਂ ਕਾਂਗਰਸ ਅਤੇ ਭਾਜਪਾ ਨੂੰ ਅਪਣੀ ਦੁਕਾਨ ਦਸਦਾ ਹੈ। ਇਸੇ ਕਾਰਨ ਮੈਂ ਸ਼ੀਲਾ ਦੀਕਸ਼ਤ ਵਿਰੁਧ ਵੀ ਜਾਂਚ ਦੇ ਹੁਕਮ ਦਿਤੇ ਹਨ। ਕਾਮਨਵੈਲਥ ਖੇਡਾਂ ਵਿਚ ਵੀ ਸ਼ੀਲਾ ਦੀਕਸ਼ਤ, ਮੁੱਖ ਮੰਤਰੀ ਦਿੱਲੀ ਅਤੇ ਖੇਡ ਇੰਚਾਰਜ ਕਲਮਾੜੀ ਨੇ ਵੱਡੇ ਵੱਡੇ ਘਪਲੇ ਕੀਤੇ ਹਨ, ਉਨ੍ਹਾਂ ਦੀ ਜਾਂਚ ਦੇ ਹੁਕਮ ਦੇ ਦਿਤੇ ਹਨ।

ਸਵਾਲ : ਤੁਸੀ ਬਿਜਲੀ ਅਤੇ ਪਾਣੀ 'ਤੇ ਸਬਸਿਡੀ ਦਿਤੀ ਹੈ ਏਨਾ ਘਾਟਾ ਕਿਵੇਂ ਪੂਰਾ ਹੋਵੇਗਾ?

ਕੇਜਰੀਵਾਲ : ਬਿਜਲੀ ਪਾਣੀ ਦੀ ਸਬਸਿਡੀ ਤਿੰਨ ਸੌ ਕਰੋੜ ਰੁਪਏ ਦੀ ਹੈ। ਦਿੱਲੀ ਦਾ ਬਜਟ 40 ਹਜ਼ਾਰ ਕਰੋੜ ਦਾ ਹੈ। ਉਸ ਵਿਚੋਂ ਏਨੀ ਰਕਮ ਆਰਾਮ ਨਾਲ ਕੱਢੀ ਜਾ ਸਕਦੀ ਹੈ। ਨਾਲ ਹੀ ਮੈਂ (ਕੇਜਰੀਵਾਲ) ਦਸਣਾ ਚਾਹੁੰਦਾ ਹਾਂ ਕਿ ਦਿੱਲੀ ਵਿਚ ਵੱਡੇ ਵੱਡੇ ਕਲੱਬ ਹਨ। ਖੇਡ ਮੈਦਾਨ ਹਨ, ਫੁੱਲਾਂ ਲੱਦੇ ਪਾਰਕ ਹਨ। ਇਨ੍ਹਾਂ ਥਾਵਾਂ 'ਤੇ ਬਹੁਤ ਹੀ ਅਮੀਰ ਲੋਕ ਜਾਂਦੇ ਹਨ। ਇਥੇ ਮਨੋਰੰਜਨ ਅਮੀਰ ਕਰਦੇ ਹਨ, ਸਾਰਾ ਖ਼ਰਚਾ ਸਰਕਾਰ ਕਰਦੀ ਹੈ। ਇਉਂ ਇਕ ਅਮੀਰ ਆਦਮੀ ਲਈ ਇਕ ਸਾਲ ਵਿਚ ਛੇਵ ਕਰੋੜ ਰੁਪਏ ਖ਼ਰਚ ਕਰਦੀ ਹੈ। ਜੇ ਅਜਿਹੀ ਲੁੱਟ ਨੂੰ ਬੰਦ ਕਰ ਦਿਤਾ ਜਾਵੇ ਤਾਂ ਗ਼ਰੀਬਾਂ ਨੂੰ ਬਿਜਲੀ ਪਾਣੀ ਆਰਾਮ ਨਾਲ ਮੁਫ਼ਤ ਵਿਚ ਦਿਤਾ ਜਾ ਸਕਦਾ ਹੈ। ਮੈਂ ਆਉਣ ਵਾਲੇ ਸਮੇਂ ਵਿਚ ਇਨ੍ਹਾਂ 'ਤੇ ਵੀ ਸ਼ਿਕੰਜਾ ਕਸਣਾ ਸੀ।

ਸਵਾਲ : ਤੁਸੀ ਪ੍ਰਾਈਵੇਟ ਸਕੂਲਾਂ ਨੂੰ ਹੁਕਮ ਦਿਤਾ ਸੀ ਕਿ ਆਰਥਕ ਪੱਖੋਂ ਕਮਜ਼ੋਰ ਬੱਚਿਆਂ ਨੂੰ ਵੀ ਇਨ੍ਹਾਂ ਸਕੂਲਾਂ ਵਿਚ ਦਾਖ਼ਲ ਕੀਤਾ ਜਾਵੇ। ਕੀ ਇਹ ਸੰਭਵ ਹੈ?

ਕੇਜਰੀਵਾਲ : ਪਹਿਲੀ ਗੱਲ ਤਾਂ ਇਹ ਹੈ ਕਿ ਇਹ ਸਾਰੇ ਪ੍ਰਾਈਵੇਟ ਸਕੂਲ ਮੰਤਰੀਆਂ ਅਤੇ ਵੱਡੇ ਅਫ਼ਸਰਾਂ ਦੇ ਮਾਲਕੀ ਵਾਲੇ ਹਨ। ਮੈਂ (ਕੇਜਰੀਵਾਲ) ਚਾਹੁੰਦਾ ਹਾਂ ਕਿ ਸਾਰੇ ਸਰਕਾਰੀ ਸਕੂਲਾਂ ਵਿਚ ਵਧੀਆ ਪੜ੍ਹਾਈ ਹੋਵੇ। ਵਾਜਬ ਫ਼ੀਸਾਂ ਲਈਆਂ ਜਾਣ। ਅਮੀਰ, ਗ਼ਰੀਬ ਸਾਰੇ ਇਕੋ ਥਾਵੇਂ ਮਿਲ ਕੇ ਪੜ੍ਹਨ। ਪਬਲਿਕ ਸਕੂਲਾਂ ਵਾਲਾ ਹੰਕਾਰ ਖ਼ਤਮ ਹੋਵੇ। ਜਦੋਂ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਦਾ ਮਿਆਰ ਵਧੀਆ ਹੋਵੇਗਾ, ਫਿਰ ਪਬਲਿਕ ਸਕੂਲਾਂ ਵਿਚ ਕੋਈ ਬੱਚੇ ਕਿਉਂ ਦਾਖ਼ਲ ਕਰਵਾਏਗਾ? ਇਕ ਸਾਜ਼ਸ਼ ਤਹਿਤ ਸਰਕਾਰੀ ਸਕੂਲ ਫ਼ੇਲ ਕੀਤੇ ਗਏ ਹਨ ਤਾਕਿ ਪਬਲਿਕ ਸਕੂਲ ਕਾਮਯਾਬ ਹੋ ਜਾਣ। ਇਨ੍ਹਾਂ ਸਕੂਲਾਂ ਦੇ ਮਾਲਕ ਮਾਇਆ ਦੇ ਅੰਬਾਰ ਲਾ ਲੈਣ। ਇਸੇ ਤਰ੍ਹਾਂ ਪ੍ਰਾਈਵੇਟ ਹਸਪਤਾਲਾਂ ਦਾ ਤਾਣਾ-ਬਾਣਾ ਹੈ। ਹਸਪਤਾਲ ਵੀ ਮੰਤਰੀਆਂ ਅਤੇ ਅਫ਼ਸਰਾਂ ਦੇ ਹਨ। ਸਾਰੇ ਸਰਕਾਰੀ ਹਸਪਤਾਲ ਫ਼ੇਲ ਕਰ ਦਿਤੇ ਗਏ ਕਿਉਂਕਿ ਇਸੇ ਤਰ੍ਹਾਂ ਪ੍ਰਾਈਵੇਟ ਹਸਪਤਾਲ ਕਾਮਯਾਬ ਹੋ ਸਕਦੇ ਹਨ, ਕਰੋੜਾਂ ਅਰਬਾਂ ਰੁਪਿਆ ਕਮਾ ਸਕਦੇ ਹਨ।

ਸਵਾਲ : ਤੁਹਾਡੇ ਇਕ ਮੰਤਰੀ ਦਾ ਸੈਕਸ ਰੈਕਟ ਵਾਲੀ ਥਾਂ ਜਾਣਾ, ਤਲਾਸ਼ੀ ਲੈਣ ਦਾ ਹੁਕਮ ਦੇਣਾ, ਕੀ ਸੰਵਿਧਾਨਕ ਸੀ? ਰਾਤ ਸਮੇਂ ਮੰਤਰੀ ਅਜਿਹਾ ਕਰੇ, ਜਾਇਜ਼ ਸੀ?

ਕੇਜਰੀਵਾਲ : ਭਾਰਤ ਦੇ ਕਿਸੇ ਕਾਨੂੰਨ ਵਿਚ ਨਹੀਂ ਲਿਖਿਆ ਕਿ ਮੰਤਰੀ ਲੋਕਾਂ ਦੀਆਂ ਮੁਸ਼ਕਲਾਂ ਦੂਰ ਕਰਨ ਵਾਸਤੇ ਅਜਿਹੀ ਥਾਂ ਨਾ ਜਾਵੇ। ਮੰਤਰੀ ਅਤੇ ਹੋਰ ਸਰਕਾਰੀ ਮੁਲਾਜ਼ਮ ਜਨਤਾ ਦੀ ਸੇਵਾ ਵਾਸਤੇ ਹੁੰਦੇ ਹਨ, ਜਨਤਾ ਨੂੰ ਲੁੱਟਣ ਅਤੇ ਕੁੱਟਣ ਵਾਸਤੇ ਨਹੀਂ ਹੁੰਦੇ। ਸ਼ਿਕਾਇਤ ਮਿਲਣ ਦੇ ਬਾਵਜੂਦ ਪੁਲਿਸ ਵਲੋਂ ਦੋਸ਼ੀਆਂ ਨੂੰ ਨਾ ਫੜਨਾ ਕੀ ਸੰਵਿਧਾਨਕ ਸੀ? ਅਰਬਾਂ ਰੁਪਏ ਦੇ ਕੋਲਾ ਘਪਲੇ ਕੀ ਸੰਵਿਧਾਨਕ ਸਨ? ਕਾਮਨਵੈਲਥ ਖੇਡਾਂ ਵਿਚਲੇ ਘਪਲੇ ਕੀ ਸੰਵਿਧਾਨਕ ਸਨ? ਬੋਫ਼ੋਰਜ਼ ਤੋਪਾਂ ਦੀ ਖ਼ਰੀਦ ਵਿਚ ਅਰਬਾਂ ਦੇ ਘਪਲੇ ਕੀ ਸੰਵਿਧਾਨਕ ਸਨ? ਸੰਨ 1984 ਵਿਚ ਸਿੱਖਾਂ ਦਾ ਕਤਲੇਆਮ ਤੇ ਅੱਗਾਂ ਲਾਉਣੀਆਂ ਸੰਵਿਧਾਨਕ ਸਨ? ਗੁਜਰਾਤ ਵਿਚ ਮੁਸਲਮਾਨਾਂ ਤੇ ਜੋ ਜ਼ੁਲਮ ਹੋਏ, ਉਹ ਸੰਵਿਧਾਨਕ ਸਨ? ਬਾਬਰੀ ਮਸਜਿਦ ਢਾਹ ਦੇਣੀ ਤੇ ਉਸ ਮਗਰੋਂ ਦੰਗੇ ਕਰਵਾ ਦੇਣੇ, ਕੀ ਸੰਵਿਧਾਨਕ ਸੀ? ਇਕ ਛੋਟੀ ਜਹੀ ਗੱਲ ਨੂੰ ਬਿਨਾਂ ਕਾਰਨ ਉਛਾਲਿਆ ਜਾ ਰਿਹਾ ਹੈ। ਬਹੁਤ ਘਾਤਕ ਅਤੇ ਸ਼ਰਮਸਾਰ ਕਰ ਦੇਣ ਵਾਲੇ ਮਸਲੇ ਭੁਲਾ ਦਿਤੇ ਗਏ ਹਨ। ਸਾਡੀ ਪਾਰਟੀ ਚਾਹੁੰਦੀ ਹੈ ਕਿ ਸੰਵਿਧਾਨ ਨੂੰ ਸਹੀ ਮਾਇਨਿਆਂ ਵਿਚ ਸਾਰਿਆਂ 'ਤੇ ਇਕਸਾਰ ਲਾਗੂ ਕੀਤਾ ਜਾਵੇ।

ਸਵਾਲ : 2014 ਦੀਆਂ ਚੋਣਾਂ ਵਿਚ ਤੁਹਾਡੀ ਪਾਰਟੀ ਦਾ ਚੋਣ ਮੁੱਦਾ ਕੀ ਹੋਵੇਗਾ?

ਕੇਜਰੀਵਾਲ : ਮਸਲੇ ਵਿਚਾਰਨ ਵਾਲੇ ਅਤੇ ਹੱਲ ਕਰਨ ਵਾਲੇ ਬਹੁਤ ਹਨ। ਹਾਲੀ ਅਸੀ ਕੇਵਲ ਇਨ੍ਹਾਂ ਨੁਕਤਿਆਂ ਉਤੇ ਧਿਆਨ ਕੇਂਦਰਤ ਕਰਾਂਗੇ। ਪਹਿਲਾ- ਬੇਈਮਾਨ ਲੀਡਰਾਂ ਨੂੰ ਵੋਟ ਨਾ ਪਾਉ। ਈਮਾਨਦਾਰ ਉਮੀਦਵਾਰ ਜਿਤਾਉ। ਦੂਜਾ - ਜਿਨ੍ਹਾਂ ਵਿਧਾਇਕਾਂ ਜਾਂ ਸਾਂਸਦਾਂ ਉਤੇ ਕੋਈ ਕੇਸ ਦਰਜ ਹੋਵੇ, ਦੋਸ਼ ਮੁਕਤ ਹੋਣ ਤਕ ਉਸ ਨੂੰ ਵੋਟ ਨਾ ਪਾਈ ਜਾਵੇ। ਤੀਜਾ - ਪਰਵਾਰਵਾਦ ਦੇ ਮੁਦਈ ਉਮੀਦਵਾਰਾਂ ਨੂੰ ਵੋਟ ਨਾ ਪਾਈ ਜਾਵੇ। ਧਾਰਮਕ ਨਫ਼ਰਤ ਫੈਲਾਉਣ ਵਾਲਿਆਂ ਨੂੰ ਵੋਟ ਨਾ ਪਾਈ ਜਾਵੇ। ਇਕੋ ਪਰਵਾਰ ਦੇ ਪੰਜ ਪੰਜ, ਦਸ ਦਸ ਬੰਦੇ ਵੱਡੀਆਂ ਕੁਰਸੀਆਂ 'ਤੇ ਕਬਜ਼ਾ ਜਮਾਈ ਬੈਠੇ ਹਨ। ਅਸੀ ਭ੍ਰਿਸ਼ਟ, ਕੁਨਬਾਪਰਵਰ ਅਤੇ ਹੋਰ ਅਨੈਤਿਕ ਕੰਮ ਕਰਨ ਵਾਲੇ ਉਮੀਦਵਾਰਾਂ ਦੀ ਲਿਸਟ ਜਾਰੀ ਕਰ ਰਹੇ ਹਾਂ। ਦੇਸ਼ ਦੀ 50 ਪ੍ਰਤੀਸ਼ਤ ਆਬਾਦੀ ਦੋ ਵਕਤ ਦੀ ਰੋਟੀ ਤੋਂ ਆਤੁਰ ਹੈ। ਇਹ ਲੋਕ ਰੁਪਏ, ਪੰਡਾਂ ਬੰਨ੍ਹ ਕੇ ਜਹਾਜ਼ ਭਰ ਕੇ, ਵਿਦੇਸ਼ਾਂ ਦੇ ਬੈਂਕਾਂ ਵਿਚ ਜਮ੍ਹਾਂ ਕਰਵਾ ਰਹੇ ਹਨ। ਅਸੀ ਸਾਰਿਆਂ ਦੇ ਨਾਮ ਜਨਤਕ ਕਰਾਂਗੇ। ਵੋਟਰਾਂ ਨੂੰ ਬੇਨਤੀ ਕਰਾਂਗੇ ਕਿ ਈਮਾਨਦਾਰ ਬੰਦੇ ਨੂੰ ਹੀ ਵੋਟ ਪਾਉਣ।

ਸਿੱਖਾਂ ਦਾ ਪਹਿਲਾ ਸੱਚਾ ਹਮਦਰਦ

ਅਰਵਿੰਦ ਕੇਜਰੀਵਾਲ ਨੇ ਇਕੋ ਵਾਰੀ ਸਾਰਾ ਪਿਆਰ ਸਿੱਖਾਂ ਵਲ ਉਲੱਦ ਦਿਤਾ ਹੈ। 1984 ਦੇ ਕਤਲੇਆਮ (ਸੀ.ਆਈ.ਟੀ.) ਵਿਸ਼ੇਸ਼ ਟੀਮ ਵਲੋਂ ਪੜਤਾਲ ਦਾ ਹੁਕਮ ਦੇਣਾ, ਪੜਤਾਲੀਆ ਅਫ਼ਸਰ ਦਿੱਲੀ ਤੋਂ ਬਾਹਰ ਦੇ ਹੋਣ, ਇਕ ਸਿੱਖ ਨੂੰ ਵਿਧਾਨ ਸਭਾ ਵਿਚ ਸਪੀਕਰ ਦਾ ਅਹੁਦਾ ਦੇਣਾ, ਵਿਧਾਨ ਸਭਾ ਵਿਚ ਤਿੰਨ ਸਿੱਖਾਂ ਵਲੋਂ ਜਿੱਤ ਕੇ ਦਾਖ਼ਲ ਹੋਣਾ, ਦਿੱਲੀ ਵਿਚ ਭਾਈ ਜਰਨੈਲ ਸਿੰਘ ਪੱਤਰਕਾਰ ਨੂੰ ਅਤੇ ਲੁਧਿਆਣੇ ਐਚ.ਐਸ. ਫੂਲਕਾ, ਅੰਮ੍ਰਿਤਸਰ ਤੋਂ ਰੱਬੀ ਸ਼ੇਰਗਿੱਲ, ਪਟਿਆਲੇ ਤੋਂ ਗ਼ਰੀਬਾਂ ਦਾ ਮਸੀਹਾ ਡਾ. ਧਰਮਵੀਰ ਗਾਂਧੀ ਅਤੇ ਚੰਡੀਗੜ੍ਹ ਤੋਂ ਬੀਬੀ ਸਵੀਤਾ ਭੱਟੀ ਨੂੰ ਟਿਕਟ ਦੇਣੀ ਆਦਿ ਬਹੁਤ ਹੀ ਸ਼ਲਾਘਾਯੋਗ ਕਦਮ ਹਨ। ਆਸ ਕਰਦੇ ਹਾਂ ਕਿ ਪਹਿਲਾਂ ਪਰਖੇ ਜਾ ਚੁੱਕੇ ਖੋਟੇ ਸਿੱਕਿਆਂ ਨੂੰ ਸਿੱਖ ਹੋਰ ਨਹੀਂ ਪਰਖਣਗੇ ਤੇ ਕੁੱਝ ਕਰ ਕੇ ਵਿਖਾਉਣ ਵਾਲੇ ਈਮਾਨਦਾਰ ਨਵੇਂ ਚਿਹਰਿਆਂ ਨੂੰ ਅੱਗੇ ਲਿਆਉਗੇ ਤਾਕਿ ਭਾਰਤ ਦੀ ਵਿਗੜੀ ਰਾਜਨੀਤੀ ਸੁਧਰ ਕੇ ਲੋਕ ਭਲਾਈ ਵਾਲੇ ਕੰਮ ਕਰ ਸਕੇ।

ਨੀਲਾ ਤਾਰਾ ਕੇਵਲ ਸਿੱਖਾਂ ਵਾਸਤੇ ਮਨਹੂਸ ਸੀ। ਇਹ 'ਬੋਦੀਵਾਲਾ ਤਾਰਾ' (ਅਰਵਿੰਦ ਕੇਜਰੀਵਾਲ) ਕਾਂਗਰਸ ਭਾਜਪਾ ਅਤੇ ਹੋਰ ਅਨੈਤਿਕ ਕੰਮ ਕਰਨ ਵਾਲੀਆਂ ਰਾਜਸੀ ਪਾਰਟੀਆਂ ਲਈ ਬੜਾ ਖ਼ਤਰਨਾਕ ਸਾਬਤ ਹੋ ਰਿਹਾ ਹੈ। ਇਕ ਪਾਸੇ ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ਵਾਲਿਆਂ ਨੂੰ ਕਰੋੜਾਂ ਰੁਪਏ ਵੰਡਣ ਵਾਲੀਆਂ ਸਥਾਪਤ ਪਾਰਟੀਆਂ, ਜਿਨ੍ਹਾਂ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਮੰਨੀਆਂ ਜਾਂਦੀਆਂ ਨੇ, ਹਨ ਤੇ ਦੂਜੇ ਪਾਸੇ, ਮਾਰੂਥਲ ਵਿਚੋਂ ਉਠਿਆ ਵਰੋਲਾ ਹੈ, ਜੋ ਪੁਰਾਣੇ ਰੁੱਖਾਂ ਨੂੰ ਜੜ੍ਹੋਂ ਉਖਾੜ ਕੇ ਸੁੱਟੀ ਜਾ ਰਿਹਾ ਹੈ। ਅਜਿਹੀ ਸਰਬੱਤ ਦੇ ਭਲੇ ਵਾਲੀ ਸੋਚ ਵਾਲੇ ਆਗੂ ਭਾਰਤੀ ਸਮਾਜ ਵਿਚ ਉਂਗਲਾਂ 'ਤੇ ਗਿਣੇ ਜਾਣ ਜੋਗੇ ਹੀ ਹਨ। ਆਮ ਜਨ ਸਮੂਹ ਨੂੰ ਇਨਕਲਾਬੀ ਬਦਲਾਉ ਵਾਸਤੇ ਤਿਆਰ ਕਰਨ ਵਾਲਾ ਤੇ ਬਿਨਾਂ ਖ਼ੂਨ ਖ਼ਰਾਬੇ ਤੋਂ ਤਾਜ ਤਖ਼ਤ ਪਲਟ ਦੇਣ ਵਰਗੇ ਵਡੇਰੇ ਕਾਰਜਾਂ ਵਾਸਤੇ ਮਾਹੌਲ ਮਸੀਂ ਤਿਆਰ ਹੋਇਆ ਹੈ। ਜੇਕਰ ਇਸ ਵਾਰ ਖੁੰਝ ਗਏ ਤਾਂ ਪਤਾ ਨਹੀਂ ਹੋਰ ਕਿੰਨਾ ਸਮਾਂ ਨਰਕ ਭੋਗਦੇ ਰਹਾਂਗੇ। ਪਹਿਲਾਂ ਰਾਜ ਕਰ ਰਹੀਆਂ ਧਿਰਾਂ ਨੂੰ 65 ਸਾਲ ਤਕ ਪਰਖ ਕੇ ਵੇਖ ਲਿਆ ਹੈ। ਦੇਸ਼ ਵਾਸੀਆਂ ਨਾਲ ਜੋ ਕੁੱਝ ਉਨ੍ਹਾਂ ਨੇ ਕੀਤਾ ਹੈ, ਅਸੀ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ। ਨਵੇਂ ਦਾਗ਼ ਰਹਿਤ ਚਿਹਰੇ ਨੂੰ ਇਕ ਵਾਰੀ ਪਰਖ ਲੈਣ ਵਿਚ ਕੋਈ ਨੁਕਸਾਨ ਨਹੀਂ ਹੋਣ ਲੱਗਾ। ਜੇ ਪਹਿਲੀਆਂ ਪਾਰਟੀਆਂ ਨਾਲੋਂ ਬੁਰਾ ਸਾਬਤ ਹੋ ਗਿਆ ਫਿਰ ਇਸ ਨੂੰ ਵੀ ਗੱਦੀ ਤੋਂ ਉਤਾਰਿਆ ਜਾ ਸਕਦਾ ਹੈ। ਇਕ ਵਾਰੀ 'ਬੋਦੀ ਵਾਲੇ ਤਾਰੇ' ਨੂੰ ਰਾਜਨੀਤਕ ਅਸਮਾਨ 'ਤੇ ਚੜ੍ਹਨ ਦਾ ਮੌਕਾ ਤਾਂ ਦਿਉ। (ਸਮਾਪਤ)

ਮੋਬਾਈਲ : 98551-51699

> ਨੀਲਾ ਤਾਰਾ ਕੇਵਲ ਸਿੱਖਾਂ ਵਾਸਤੇ ਮਨਹੂਸ ਸੀ। ਇਹ 'ਬੋਦੀਵਾਲਾ ਤਾਰਾ' (ਅਰਵਿੰਦਰ ਕੇਜਰੀਵਾਲ) ਕਾਂਗਰਸ ਭਾਜਪਾ ਅਤੇ ਹੋਰ ਅਨੈਤਿਕ ਕੰਮ ਕਰਨ ਵਾਲੀਆਂ ਰਾਜਸੀ ਪਾਰਟੀਆਂ ਲਈ ਬੜਾ ਖ਼ਤਰਨਾਕ ਸਾਬਤ ਹੋ ਰਿਹਾ ਹੈ। ਇਕ ਪਾਸੇ ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ਵਾਲਿਆਂ ਨੂੰ ਕਰੋੜਾਂ ਰੁਪਏ ਵੰਡਣ ਵਾਲੀਆਂ ਸਥਾਪਤ ਪਾਰਟੀਆਂ, ਜਿਨ੍ਹਾਂ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਮੰਨੀਆਂ ਜਾਂਦੀਆਂ ਨੇ, ਹਨ ਤੇ ਦੂਜੇ ਪਾਸੇ, ਮਾਰੂਥਲ ਵਿਚੋਂ ਉਠਿਆ ਵਰੋਲਾ ਹੈ, ਜੋ ਪੁਰਾਣੇ ਰੁੱਖਾਂ ਨੂੰ ਜੜ੍ਹੋਂ ਉਖਾੜ ਕੇ ਸੁੱਟੀ ਜਾ ਰਿਹਾ ਹੈ। ਅਜਿਹੀ ਸਰਬੱਤ ਦੇ ਭਲੇ ਵਾਲੀ ਸੋਚ ਵਾਲੇ ਆਗੂ ਭਾਰਤੀ ਸਮਾਜ ਵਿਚ ਉਂਗਲਾਂ 'ਤੇ ਗਿਣੇ ਜਾਣ ਜੋਗੇ ਹੀ ਹਨ। ਆਮ ਜਨ ਸਮੂਹ ਨੂੰ ਇਨਕਲਾਬੀ ਬਦਲਾਉ ਵਾਸਤੇ ਤਿਆਰ ਕਰਨ, ਬਿਨਾਂ ਖ਼ੂਨ ਖ਼ਰਾਬੇ ਤੋਂ ਤਾਜ ਤਖ਼ਤ ਪਲਟ ਦੇਣ ਵਰਗੇ ਵਡੇਰੇ ਕਾਰਜਾਂ ਵਾਸਤੇ ਮਾਹੌਲ ਮਸੀਂ ਤਿਆਰ ਹੋਇਆ ਹੈ। ਜੇਕਰ ਇਸ ਵਾਰ ਖੁੰਝ ਗਏ ਤਾਂ ਪਤਾ ਨਹੀਂ ਹੋਰ ਕਿੰਨਾ ਸਮਾਂ ਨਰਕ ਭੋਗਦੇ ਰਹਾਂਗੇ।

ਸਫ਼ਾ ਇਕ ਦੀ ਬਾਕੀ...

ਪੱਛਮ ਵਿਚ ਆਜ਼ਾਦ ਸਿੱਖ ਹਸਤੀ ਤੇ ਸਿੱਖੀ ਦੀ ਹੋਂਦ ਉਤੇ ਸੱਟ ਮਾਰਨ ਲਈ ਹੁਣ ਸਿੱਖ ਹੀ ਅੱਗੇ ਕੀਤੇ

ਮੰਡੇਰ ਦੀ ਇਸ ਵਿਚਾਰਧਾਰਾ ਨਾਲ ਸਹਿਮਤੀ ਹੈ। ਉਹ ਕਹਿੰਦਾ ਹੈ ਕਿ ਜੇ ਅਕਾਦਮਿਕ ਅਦਾਰਿਆਂ/ਯੂਨੀਵਰਸਟੀਆਂ ਰਾਹੀਂ ਸਟੇਟ ਅਪਣੀ ਨੀਤੀ ਨੂੰ ਪ੍ਰਚਲਤ ਕਰਨ ਵਿਚ ਸਫ਼ਲ ਨਹੀਂ ਹੁੰਦੀ ਤਾਂ ਸਟੇਟ ਕੋਲ ਪੂਰਨ ਅਧਿਕਾਰ ਚਾਹੀਦਾ ਹੈ ਕਿ ਉਹ ਅਪਣੀ ਨੀਤੀ ਨੂੰ ਕਾਨੂੰਨੀ ਕਾਰਵਾਈ ਨਾਲ ਲੋਕਾਂ ਉਪਰ ਠੋਸ ਸਕੇ। ਇਸੇ ਸੰਦਰਭ ਵਿਚ ਉਹ ਸਟੇਟ ਅਤੇ ਯੂਨੀਵਰਸਟੀਆਂ ਵਲੋਂ ਸਾਂਝੀ ਨੀਤੀ ਅਪਨਾਏ ਜਾਣ 'ਤੇ ਵੀ ਜ਼ੋਰ ਦਿੰਦਾ ਹੈ। ਉਸ ਦਾ ਮੱਤ ਹੈ ਕਿ ਯੂਨੀਵਰਸਟੀਆਂ ਨੂੰ ਵਧੇਰੇ ਕਾਨੂੰਨੀ ਅਧਿਕਾਰ ਪ੍ਰਾਪਤ ਹੋਣੇ ਚਾਹੀਦੇ ਹਨ ਤਾਕਿ ਉਹ ਅਪਣੀ ਵਿਚਾਰਧਾਰਾ ਨੂੰ ਲਾਗੂ ਕਰਨ ਵਿਚ ਸਮਰੱਥ ਹੋ ਸਕਣ। ਮੰਡੇਰ ਦਾ ਇਹ ਦਸਤਾਵੇਜ਼ ਪਛਮੀ ਸਭਿਅਤਾ ਦੀ ਪ੍ਰਸ਼ੰਸਾ ਵਿਚ ਹੀ ਲਿਖਿਆ ਗਿਆ ਹੈ। ਇਸ ਨੂੰ ਅਕਾਦਮਿਕ ਦਸਤਾਵੇਜ਼ ਨਹੀਂ ਕਿਹਾ ਜਾ ਸਕਦਾ। ਇਹ ਤਾਂ ਇਕ ਐਂਟੀ-ਸਿੱਖ ਪ੍ਰੋਪੇਗੰਡਾ ਪੁਸਤਕ ਹੈ ਜਿਸ ਵਿਚ ਸਿੱਖੀ ਨੂੰ ਧਾਰਮਕ, ਸਮਾਜਕ ਅਤੇ ਰਾਜਸੀ, ਹਰ ਪੱਖ ਤੋਂ ਢਾਹ ਲਾਈ ਗਈ ਹੈ।

ਇਸ ਸੰਦਰਭ ਵਿਚ ਬਹੁਤ ਕੁੱਝ ਲਿਖਿਆ ਅਤੇ ਕਿਹਾ ਜਾ ਸਕਦਾ ਹੈ। ਮੰਡੇਰ ਦੀ 516 ਸਫ਼ਿਆਂ ਦੀ ਕਿਤਾਬ ਹੈ, ਜਿਸ ਦਾ ਕਿ ਮੈਂ 26 ਸਫ਼ਿਆਂ ਵਿਚ ਰੀਵਿਊ ਕੀਤਾ, ਤਾਂ ਸੱਭ ਤੋਂ ਵੱਧ ਤਕਲੀਫ਼ ਪ੍ਰਭਸ਼ਰਨਦੀਪ ਨੂੰ ਹੋਈ। ਇਸੇ ਦੌਰਾਨ ਮੈਨੂੰ ਕੁੱਝ ਪਾਠਕਾਂ ਨੇ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਤੋਂ ਬਹੁਤ ਹੀ ਮਾਕੂਲ ਦਸਤਾਵੇਜ਼ ਭੇਜੇ ਹਨ, ਜਿਨ੍ਹਾਂ ਰਾਹੀਂ ਇਸ ਜੁੰਡਲੀ ਦੇ ਢੋਲ ਦਾ ਪੋਲ ਉਜਾਗਰ ਹੁੰਦਾ ਹੈ। ਇਹ ਸਾਰਾ ਕੁੱਝ ਛਾਣਬੀਣ ਕਰਨ ਉਪਰੰਤ ਕੁੱਝ ਹੇਠ ਲਿਖੇ ਤੱਥ ਪੇਸ਼ ਕਰ ਰਿਹਾ ਹਾਂ ਤਾਕਿ ਪਾਠਕ ਆਪ ਹੀ ਅੰਦਾਜ਼ਾ ਲਾ ਲੈਣ ਕਿ ਸਿੱਖੀ ਨੂੰ ਢਾਹ ਲਾਉਣ ਲਈ ਹਿੰਦੂਤਵ ਅਤੇ ਪਛਮੀ ਸ਼ਕਤੀਆਂ ਕਿਸ ਤਰ੍ਹਾਂ ਇਨ੍ਹਾਂ ਅਖੌਤੀ ਵਿਦਵਾਨਾਂ ਨੂੰ ਹੱਥਾਂ ਵਿਚ ਲੈ ਕੇ ਮਾਇਆ ਜੰਜਾਲ ਵਿਚ

2. ਕੀ ਪ੍ਰਭਸ਼ਰਨਦੀਪ ਨੂੰ ਪੀਐਚ.ਡੀ. ਕਰਵਾਉਣ ਲਈ ਹਿੰਦੂਆਂ ਦੀ ਇਕ ਨਾਮੀ ਜਥੇਬੰਦੀ "The Oxford Centre for Hindu Studies UK" ਸਕਾਲਰਸ਼ਿਪ ਨਹੀਂ ਦੇ ਰਹੀ? ਕੀ ਇਹ ਜਥੇਬੰਦੀ ਇਸ ਅਖੌਤੀ ਵਿਦਵਾਨ ਤੋਂ ਸਿੱਖੀ ਦਾ ਸਹੀ ਮੁਲਾਂਕਣ ਕਰਵਾਏਗੀ?

3. ਕੀ ਪ੍ਰਭਸ਼ਰਨਦੀਪ ਦਸੇਗਾ ਕਿ ਉਸ ਦੇ DANAM (Dharma Academy of North America) ਨਾਲ ਕਿਸ ਤਰ੍ਹਾਂ ਦੇ ਰਿਸ਼ਤੇ ਹਨ? ਇਥੇ ਖ਼ਾਸ ਤੌਰ 'ਤੇ ਵਰਨਣਯੋਗ ਹੈ ਕਿ DANAM ਹਿੰਦੂਤਵ ਦੀ ਇਕ ਬਹੁਤ ਸ਼ਕਤੀਸ਼ਾਲੀ ਜਥੇਬੰਦੀ ਹੈ ਜਿਸ ਦੀਆਂ ਸਿਧੀਆਂ ਜੜ੍ਹਾਂ ਆਰ.ਐਸ.ਐਸ. ਨਾਲ ਮਿਲੀਆਂ ਹੋਈਆਂ ਹਨ ਅਤੇ ਇਨ੍ਹਾਂ ਕੋਲ ਅਥਾਹ ਫ਼ੰਡ ਹਨ। ਇਨ੍ਹਾਂ ਦਾ ਇਕੋ ਇਕ ਏਜੰਡਾ ਹੈ ਕਿ ਸਿੱਖਾਂ ਨੂੰ ਹਿੰਦੂ ਧਰਮ ਦੇ ਕਲਾਵੇ ਵਿਚ ਲੈ ਕੇ ਉਸ ਦੀ ਆਜ਼ਾਦ ਹਸਤੀ ਨੂੰ ਨੇਸਤੋ ਨਾਬੂਦ ਕਰਨਾ ਹੈ। ਪ੍ਰਭਸ਼ਰਨਦੀਪ 26 ਸਤੰਬਰ, 2013 ਤਕ DANAM ਦੀ ਸਿਰਕਢ ਯੂਨੀਵਰਸਟੀ ਦਾ ਮੈਂਬਰ ਸੀ (ਹਵਾਲੇ ਲਈ ਵੇਖੋ www.danam_wel.org is part of http://www.taksha.org) ਪਰ ਉਸ ਨੇ 27 ਸਤੰਬਰ, 2013 ਨੂੰ ਅਪਣਾ ਨਾਂ ਉਸ ਲਿਸਟ ਤੋਂ ਹਟਾ ਲਿਆ।

4. ਕੀ ਪ੍ਰਭਸ਼ਰਨਦੀਪ ਦੱਸੇਗਾ ਕਿ ਉਸ ਦਾ ਉਬਰਾਏ ਫ਼ਾਊਂਡੇਸ਼ਨ ਨਾਲ ਕਿਸ ਕਿਸਮ ਦਾ ਰਿਸ਼ਤਾ ਹੈ? ਉਬਰਾਏ ਫ਼ਾਊਂਡੇਸ਼ਨ ਦੇ ਬਾਨੀ ਮਹਿੰਦਰ ਸਿੰਘ ਉਬਰਾਏ ਸਿੱਖ ਸਨ, ਪਰ ਹੁਣ ਇਹ ਫ਼ਾਊਂਡੇਸ਼ਨ ਹਿੰਦੂਤਵ ਦੇ ਕੰਟਰੋਲ ਵਿਚ ਆ ਚੁੱਕੀ ਹੈ ਅਤੇ ਉਹ ਸੈਮੀਨਾਰਾਂ/ਕਾਨਫ਼ਰੰਸਾਂ ਲਈ ਪ੍ਰਭਸ਼ਰਨਦੀਪ, ਮੰਡੇਰ, ਭੋਗਲ ਇਤਿਆਦਿਕ ਅਖੌਤੀ ਸਕਾਲਰਾਂ ਨੂੰ ਪੈਸਾ ਦੇ ਕੇ ਕਾਨਫ਼ਰੰਸਾਂ

> ਮੈਂ ਪ੍ਰਭਸ਼ਰਨਦੀਪ ਨੂੰ ਪੁਛਿਆ ਕਿ ਮੰਡੇਰ ਗੁਰੂ ਨਾਨਕ ਸਾਹਿਬ ਨੂੰ ਪੈਗ਼ੰਬਰ ਮੰਨਣ ਤੋਂ ਕਿਉਂ ਇਨਕਾਰੀ ਹੈ ਅਤੇ ਸੁਲਤਾਨਪੁਰ ਲੋਧੀ ਵਿਚ ਵੇਈਂ ਨਦੀ ਵਿਚ ਹੋਏ ਇਲਹਾਮ (revelation) ਨੂੰ ਸਿੰਘ ਸਭਾ ਵਲੋਂ ਮਨ-ਘੜਤ (pseudo theory-page 211) ਬਣਾਈ ਮਿਥਿਆ ਦਸਦਾ ਹੈ। ਮੰਡੇਰ ਦਾ ਮੱਤ ਹੈ ਕਿ ਅਜਿਹਾ ਇਲਹਾਮ ਕਿਸੇ ਵੀ ਸਾਧਾਰਣ ਪੁਰਸ਼ ਨੂੰ ਹੋ ਸਕਦਾ ਹੈ। ਇਸ ਦਾ ਪ੍ਰਭਸ਼ਰਨਦੀਪ ਕੋਲ ਕੋਈ ਜਵਾਬ ਨਹੀਂ ਸੀ ਅਤੇ ਉਸ ਨੇ ਕਿਹਾ

ਕਾਵਿ-ਕਿਆਰੀ

ਸੰਦੇਸ਼

ਕੀ ਦੱਸਾਂ ਕੀ ਕੁੱਝ ਹੋਈ ਜਾਂਦੈ ਮੇਰੇ ਦੇਸ਼ ਵਿਚ।
ਫਿਰਦੇ ਨੇ ਚੋਰ ਇਥੇ ਸਾਧੂਆਂ ਦੇ ਭੇਸ ਵਿਚ।
ਅਮਨ, ਸ਼ਾਂਤੀ, ਇੱਜ਼ਤ ਦਾ ਹੋਕਾ ਦੇਣ ਵਾਲੇ,
ਆਪ ਫਸੇ ਕਤਲਾਂ, ਬਲਾਤਕਾਰਾਂ ਦੇ ਕੇਸ ਵਿਚ।
ਪ੍ਰੇਮ ਕਰੋ, ਨਸ਼ੇ ਤਿਆਗੋ ਦਾ ਹੋਕਾ ਦੇਣ ਵਾਲੇ,
ਆਪ ਪੀਂਦੇ ਲੁਕੇ ਲੁਕੇ ਕੇ ਖੇਸੀਆਂ ਤੇ ਖੇਸ ਵਿਚ।
ਨਾਮ ਜਪੋ, ਕਿਰਤ ਕਰੋ ਦਾ ਹੋਕਾ ਦੇਣ ਵਾਲੇ,
ਆਪ ਉਲਝੇ ਕਮੇਟੀਆਂ, ਟਰੱਸਟਾਂ ਦੇ ਕਲੇਸ਼ ਵਿਚ।
ਮੜ੍ਹੀਆਂ, ਮਸ਼ਾਲਾਂ ਨਹੀਂ ਪੂਜਣੀਆਂ ਦਾ ਹੋਕਾ ਦੇਣ ਵਾਲੇ,
ਆਪ ਭਰੋਸਾ ਰਖਦੇ ਨਹੀਂ ਪਿਤਾ ਦਸਮੇਸ਼ ਵਿਚ।
'ਰੋਮੀ' ਸੁਚੇਤ ਰਹੀਏ ਇਨ੍ਹਾਂ ਬਹਿਰੂਪੀਆਂ ਤੋਂ,
ਮਨ ਅੰਦਰ ਪ੍ਰਮਾਤਮਾ ਵਸੇ ਪੜ੍ਹ ਬਾਣੀ ਦੇ ਸੰਦੇਸ਼ ਵਿਚ।

- ਰਮਨਦੀਪ ਸਿੰਘ ਰੋਮੀ,
ਪਿੰਡ : ਬੀਹਲੇ ਵਾਲਾ, ਡਾਕ: ਖ਼ਾਸ, ਜ਼ਿਲ੍ਹਾ : ਫ਼ਰੀਦਕੋਟ।
ਮੋਬਾਈਲ : 94179-14516

ਲਫ਼ਜ਼ਾਂ ਦੀ ਮਿਸਾਲ

ਦਿਲ ਵਿਚ ਨਾ ਕਿਸੇ ਦੀ ਹੁਣ ਭਾਲ ਲੈ ਕੇ ਤੁਰਿਆ ਕਰ,
ਇਹ ਬੇਵਜ੍ਹਾ ਦੇ ਖ਼ਾਬ ਤੇ ਖ਼ਿਆਲ ਲੈ ਕੇ ਤੁਰਿਆ ਕਰ,
ਮੰਜ਼ਿਲ ਕੋਲੇ ਜਾਣਾ ਏ ਤਾਂ ਤੁਰਦਾ ਰਹੀਂ,
ਪਰ ਹੱਥ ਵਿਚ ਢਾਲ ਤੇ ਰੁਮਾਲ ਲੈ ਕੇ ਤੁਰਿਆ ਕਰ।
ਸੁਪਨਿਆਂ ਦੇ ਟੁੱਟਣ ਨਾਲ ਕਦੇ ਰਾਹ ਨਹੀਂ ਟੁਟਦੇ,
ਤੂੰ ਰਾਹਾਂ ਨੂੰ ਬਣਾਉਣ ਵਾਲੀ ਚਾਲ ਲੈ ਕੇ ਤੁਰਿਆ ਕਰ।
ਬਹੁਤੀ ਵੀ ਨਹੀਂ ਚੰਗੀ ਬੜੀ ਏ ਬੇਫ਼ਿਕਰ ਦੁਨੀਆਂ,
ਐਵੇਂ ਨਾ ਵਿਸ਼ਵਾਸ ਅਪਣੇ ਨਾਲ ਲੈ ਕੇ ਤੁਰਿਆ ਕਰ।
ਰਖਦਾ ਏਂ ਕਾਹਤੋਂ ਇਹ ਸੂਹੇ ਚਿਹਰੇ 'ਤੇ ਨਮੋਸ਼ੀਆਂ,
ਠੰਢਾ ਠੰਢਾ ਸਾਹਾਂ ਵਿਚ ਮਿਸਾਲ ਲੈ ਕੇ ਤੁਰਿਆ ਕਰ।
'ਕੱਲੇ ਤੁਰਨ ਵਾਲੇ ਆਖ਼ਰ ਬਣ ਜਾਂਦੇ ਨੇ ਕਾਫ਼ਲਾ,
ਇਹੋ ਜਿਹਾ ਤੂੰ ਵੀ ਕੋਈ ਕਮਾਲ ਲੈ ਕੇ ਤੁਰਿਆ ਕਰ।
ਜੇ ਗੁਮਨਾਮ ਹਰਫ਼ਾਂ ਤੋਂ ਤੂੰ 'ਨਾਂ' ਵਿਚ ਹੋਣਾ ਏ,
ਕੋਰੇ ਕਾਗਜ਼ਾਂ ਤੇ ਲਫ਼ਜ਼ਾਂ ਦੀ ਮਿਸਾਲ ਲੈ ਕੇ ਤੁਰਿਆ ਕਰ।

- ਸਤਨਾਮ ਸਿੰਘ ਸ਼ਮੀਰੀਆ,
ਪਿੰਡ ਤੇ ਡਾਕ : ਕੋਟ ਸ਼ਮੀਰ, ਬਠਿੰਡਾ।
ਮੋਬਾਈਲ : 94787-75536

ਮੌਤ

ਮੌਤ ਤੋਂ ਨਹੀਂ ਡਰੀਦਾ,

ਫ਼ਾਇਦਾ

ਪੰਜਾਬੀ ਅਸੀ ਜੇ, ਪੜ੍ਹਨੀ ਤੇ ਬੋਲਣੀ ਹੀ ਨਹੀਂ,
ਫਿਰ ਪੰਜਾਬੀ ਹੋਣ ਦਾ ਕੀ ਫ਼ਾਇਦਾ?
ਲਾਏ ਬੂਟਿਆਂ ਨੂੰ ਅਸੀ ਜੇ ਸੰਭਾਲਣਾ ਹੀ ਨਹੀਂ,
ਫਿਰ ਵਣ ਮਹਾਂਉਤਸਵ ਮਨਾਉਣ ਦਾ ਕੀ ਫ਼ਾਇਦਾ?
ਹੱਥੀਂ ਕੰਮ ਅਸੀ ਜੇ ਕੋਈ ਕਰਨਾ ਹੀ ਨਹੀਂ,
ਫਿਰ ਸੁਪਨੇ ਸਜਾਉਣ ਦਾ ਕੀ ਫ਼ਾਇਦਾ?
ਨਸ਼ੇ ਅਸੀ ਜੇ ਤਿਆਗਣੇ ਚਾਹੁੰਦੇ ਹੀ ਨਹੀਂ,
ਫਿਰ ਨਸ਼ਾ ਛੁਡਾਊ ਕੇਂਦਰਾਂ 'ਚ ਜਾਣ ਦਾ ਕੀ ਫ਼ਾਇਦਾ?
ਗੱਲ ਬਜ਼ੁਰਗਾਂ ਦੀ ਅਸੀ ਜੇ ਕੋਈ ਮੰਨਣੀ ਹੀ ਨਹੀਂ,
ਫਿਰ ਅਸ਼ੀਰਵਾਦ ਦਾ ਦਿਖਾਵਾ ਕਰਨ ਦਾ ਕੀ ਫ਼ਾਇਦਾ?
ਵਹਿਮਾਂ ਭਰਮਾਂ ਨੂੰ ਅਸੀ ਜੇ ਛਡਣਾ ਹੀ ਨਹੀਂ,
ਫਿਰ ਵਿਗਿਆਨਕ ਯੁੱਗ ਹੋਣ ਦਾ ਕੀ ਫ਼ਾਇਦਾ?
ਵੋਟ ਦਾ ਅਸੀ ਜੇ ਸਹੀ ਇਸਤੇਮਾਲ ਹੀ ਨਹੀਂ ਕਰਨਾ,
ਫਿਰ ਲੋਕਤੰਤਰੀ ਦੇਸ਼ ਹੋਣ ਦਾ ਕੀ ਫ਼ਾਇਦਾ?
ਦੋਸ਼ੀ ਲੋਕਾਂ ਨੂੰ ਜੇ ਸਜ਼ਾਵਾਂ ਮਿਲਣੀਆਂ ਹੀ ਨਹੀਂ,
ਫਿਰ ਅਦਾਲਤਾਂ ਬਣਾਉਣਾ ਦਾ ਕੀ ਫ਼ਾਇਦਾ?
ਕੰਮ ਜ਼ਿੰਦਗੀ ਵਿਚ ਚੰਗਾ ਅਸੀਂ ਜੇ ਕੋਈ ਕਰਨਾ ਹੀ ਨਹੀਂ,
ਫਿਰ ਔਲਖਾ ਦੁਨੀਆਂ ਵਿਚ ਆਉਣ ਦਾ ਕੀ ਫ਼ਾਇਦਾ?

- ਬਲਜਿੰਦਰ ਸਿੰਘ ਔਲਖ,
ਪਿੰਡ ਤੇ ਡਾਕ, ਸੀਰਵਾਲੀ, ਸ੍ਰੀ ਮੁਕਤਸਰ ਸਾਹਿਬ।
ਮੋਬਾਈਲ : 98144-24964

ਗ਼ਰੀਬ

'ਮੁਝ ਗ਼ਰੀਬ ਕੇ ਘਰ ਸਦਾ ਹਨੇਰਾ ਹੈ,
ਮੇਰੇ ਭਾਅ ਦਾ ਸੂਰਜ ਕਦੇ ਚੜ੍ਹਿਆ ਹੀ ਨਹੀਂ।'
'ਹੌਕੇ ਹਾਵਾਂ ਦੁੱਖਾਂ ਨੇ ਦਬਿਆ ਮੈਨੂੰ
ਹਾਸਾ ਮੇਰੇ ਵਿਹੜੇ ਕਦੇ ਵੜਿਆ ਹੀ ਨਹੀਂ।'
'ਮੈਂ ਕੀ ਕਰਾਂ ਕਾਲਜਾਂ, ਯੂਨੀਵਰਸਟੀਆਂ ਨੂੰ
ਜਦੋਂ ਅੱਖਰ ਕਿਤੋਂ ਮੈਂ ਪੜ੍ਹਿਆ ਹੀ ਨਹੀਂ।'
'ਸੁਣਿਆ ਸਾਧ ਤੋੜਦੇ ਦੁੱਖ ਫਿਰਦੇ,
ਹੱਥ ਮੇਰਾ ਤਾਂ ਕਿਸੇ ਨੇ ਫੜਿਆ ਹੀ ਨਹੀਂ।'
'ਖਾਂਦੇ ਹੋਣਗੇ ਚਿਕਨ ਤੰਦੂਰੀ ਲੋਕ,
ਫੁਲਕਾ ਮੇਰੇ ਤਵੇ 'ਤੇ ਰੜ੍ਹਿਆ ਹੀ ਨਹੀਂ।'
'ਬਿਨਾਂ ਗੱਲ ਤੋਂ ਭੁਗਤਦਾ ਜੇਲ੍ਹ ਫਿਰਦਾ
ਲੋਕੋ ਮੈਂ ਤਾਂ ਕਿਸੇ ਨਾਲ ਲੜਿਆ ਹੀ ਨਹੀਂ।'
'ਵੱਡੇ ਲੋਕਾਂ ਦੇ ਪਸ਼ੂ ਮਰੇ ਦਾ ਦੁੱਖ ਮੰਨਦੇ,
ਮੇਰੇ ਮਰਨ ਦਾ ਅਫ਼ਸੋਸ ਕਿਸੇ ਕਰਿਆ ਹੀ ਨਹੀਂ।'

- ਦਰਸ਼ਨ ਹਾਕਮਵਾਲਾ,